Punjabi - Number 49c
March 2021

# ਪੀਣ ਦੇ ਪਾਣੀ ਵਿੱਚ ਸੰਖੀਆ
# Arsenic in Drinking Water

ਸੰਖੀਆ ਕਦਰਤੀ ਤੌਰ ਤੇ ਧਰਤੀ ਦੇ ਤਲ ਦੇ ਪੱਥਰਾਂ ਵਿੱਚ ਮੌਜੂਦ ਹੁੰਦਾ ਹੈ। ਇਹ ਪੀਣ ਦੇ ਪਾਣੀ ਦੀਆਂ ਕੁਝ ਸਪਲਾਈਆਂ ਅਤੇ ਖੂਹਾਂ ਵਿੱਚ ਵੀ ਮੌਜੂਦ ਹੁੰਦਾ ਹੈ। ਸੰਖੀਆ ਵਾਲੇ ਪੀਣ ਦੇ ਪਾਣੀ ਦੇ ਸਿਹਤ ਉੱਤੇ ਛੋਟੇ ਸਮੇਂ ਦੇ ਅਤੇ ਲੰਮੇ ਸਮੇਂ ਦੇ ਗੰਭੀਰ ਪ੍ਰਭਾਵ ਹੋ ਸਕਦੇ ਹਨ।

## ਸੰਖੀਆ ਪੀਣ ਦੇ ਪਾਣੀ ਵਿੱਚ ਕਿਸ ਤਰ੍ਹਾਂ ਮਿਲ ਜਾਂਦਾ ਹੈ?

ਸੰਖੀਆ ਕੁਦਰਤੀ ਭੰਡਾਰਾਂ ਜਾਂ ਖੇਤੀ, ਖਾਨਾਂ ਅਤੇ ਉਦਯੋਗਿਕ ਕਿਰਿਆਵਾਂ ਤੋਂ ਵੱਗਣ ਵਾਲੇ ਪਾਣੀ ਤੋਂ ਪੀਣ ਦੇ ਪਾਣੀ ਵਿੱਚ ਮਿਲ ਸਕਦਾ ਹੈ।

ਬੀ.ਸੀ. ਵਿੱਚ, ਕੁਦਰਤੀ ਖਣਿਜ ਪੀਣ ਦੇ ਪਾਣੀ ਵਿੱਚ ਸੰਖੀਆ ਦੇ ਸਭ ਤੋਂ ਆਮ ਸ੍ਰੋਤ ਹਨ।

ਖੂਹਾਂ ਵਰਗੀਆਂ ਧਰਤੀ ਦੇ ਪਾਣੀ ਦੀਆਂ ਸਪਲਾਈਆਂ ਵਿੱਚ ਧਰਾਤਲ ਦੇ ਪਾਣੀ ਦੀਆਂ ਸਪਲਾਈਆਂ ਜਿਵੇਂ ਕਿ ਝੀਲਾਂ, ਨਦੀਆਂ ਅਤੇ ਦਰਿਆਵਾਂ ਨਾਲੋਂ ਆਮਤੌਰ ਤੇ ਵੱਧ ਸੰਖੀਆ ਦੀ ਮਾਤਰਾ ਹੁੰਦੀ ਹੈ।

## ਸੰਖੀਆ ਦੇ ਨਾਲ ਸੰਪਰਕ ਵਿੱਚ ਆਉਣ ਕਰਕੇ ਹੋਣ ਵਾਲੇ ਸਿਹਤ ਸੰਬੰਧੀ ਪ੍ਰਭਾਵ ਕੀ ਹਨ?

ਦਿਨਾਂ ਜਾਂ ਹਫਤਿਆਂ ਲਈ **ਪੀਣ ਦੇ ਪਾਣੀ ਵਿੱਚ ਛੋਟੀ ਤੋਂ ਦਰਮਿਆਨੀ ਮਿਆਦ ਲਈ ਸੰਖੀਆ ਦੇ ਬਹੁਤ ਉੱਚੇ ਸਤਰਾਂ ਦੇ ਨਾਲ ਸੰਪਰਕ** ਨਾਲ ਸੰਖੀਆ ਕਰਕੇ ਸਰੀਰ ਵਿੱਚ ਜ਼ਹਿਰ ਫੈਲ ਸਕਦਾ ਹੈ।

ਸੰਖੀਆ ਦੇ ਬਹੁਤ ਉੱਚੇ ਸਤਰਾਂ ਦੇ ਨਾਲ ਸੰਪਰਕ ਕਰਕੇ ਪੇਟ ਦਰਦ, ਉਲਟੀਆਂ, ਦਸਤ ਅਤੇ ਨਾੜੀਆਂ ਦੇ ਕਾਰਜ ਵਿੱਚ ਖਰਾਬੀ ਹੋ ਸਕਦੇ ਹਨ। ਨਾੜੀਆਂ ਦੇ ਕਾਰਜ ਵਿੱਚ ਖਰਾਬੀ ਕਰਕੇ 'ਪਿੰਨਾਂ ਅਤੇ ਸੂਈਆਂ' ਚੁੱਭਣ ਦਾ ਅਹਿਸਾਸ ਜਾਂ ਹੱਥਾਂ ਅਤੇ ਪੈਰਾਂ ਦਾ ਸੁੰਨ ਹੋਣਾ ਅਤੇ ਉਨ੍ਹਾਂ ਵਿੱਚ ਜਲਨ ਹੋ ਸਕਦੀ ਹੈ।

ਸੰਖੀਆ ਕਰਕੇ ਚਮੜੀ ਵਿੱਚ ਵੀ ਪਰਿਵਰਤਨ ਆ ਸਕਦੇ ਹਨ, ਜਿੰਨਾਂ ਵਿੱਚ ਸ਼ਾਮਲ ਹਨ ਉਸਦਾ ਕਾਲਾ ਪੈਣਾ, ਅਤੇ ਮੱਸੇ ਵਰਗੀਆਂ ਜਾਂ ਗੰਢਾਂ ਵਰਗੀਆਂ ਚੀਜ਼ਾਂ ਦਾ ਉਗ ਆਉਣਾ। ਉਹ ਜ਼ਿਆਦਾਤਰ ਹੱਥਾਂ ਦੀਆਂ ਤਲੀਆਂ ਜਾਂ ਪੈਰਾਂ ਦੇ ਤਲਿਆਂ ਤੇ ਪਾਏ ਜਾਂਦੇ ਹਨ। ਦੂਸਰੇ ਲੱਛਣਾਂ ਵਿੱਚ ਚਮੜੀ ਦਾ ਲਾਲ ਪੈਣਾ ਜਾਂ ਧੱਫੜ (ਰੈਸ਼) ਸ਼ਾਮਲ ਹੋ ਸਕਦੇ ਹਨ।

ਕਿਉਂਕਿ ਬੱਚੇ ਸਰੀਰ ਦੇ ਭਾਰ ਦੇ ਹਰ ਯੂਨਿਟ ਦੇ ਮੁਕਾਬਲੇ ਬਾਲਗਾਂ ਨਾਲੋਂ ਜਿਆਦਾ ਪਾਣੀ ਪੀਂਦੇ ਹਨ, ਇਸ ਲਈ ਪੀਣ ਦੇ ਪਾਣੀ ਵਿੱਚ ਸੰਖੀਆ ਨਾਲ ਉਨ੍ਹਾਂ ਦਾ ਵੱਧ ਸੰਪਰਕ ਹੋ ਸਕਦਾ ਹੈ। ਇਸਦੇ ਨਤੀਜੇ ਵਜੋਂ ਜਦੋਂ ਸੰਖੀਆ ਦੇ ਉੱਚੇ ਸਤਰ ਮੌਜੂਦ ਹੁੰਦੇ ਹਨ ਤਾਂ ਬੱਚਿਆਂ ਨੂੰ ਬਿਮਾਰੀਆਂ ਦਾ ਜ਼ਿਆਦਾ ਖਤਰਾ ਹੋ ਸਕਦਾ ਹੈ।

ਸਾਲਾਂ ਤੋਂ ਜਾਂ ਦਹਾਕਿਆਂ ਦੌਰਾਨ ਲੰਮੀ ਮਿਆਦ ਲਈ ਪੀਣ ਦੇ ਪਾਣੀ ਵਿੱਚ **ਸੰਖੀਆ ਦੀਆਂ ਮੁਕਾਬਲਤਨ ਘੱਟ ਮਾਤਰਾਵਾਂ ਦੇ ਨਾਲ ਸੰਪਰਕ ਵੀ** ਤੁਹਾਡੇ ਕੁਝ ਖਾਸ ਕੈਂਸਰ ਵਿਕਸਤ ਕਰਨ ਦੇ ਜੋਖਮ ਨੂੰ ਵਧਾ ਸਕਦਾ ਹੈ, ਜਿਸ ਵਿੱਚ ਸ਼ਾਮਲ ਹਨ:

- ਚਮੜੀ
- ਫੇਫੜੇ
- ਗੁਰਦੇ
- ਬਲੈਡਰ
- ਜਿਗਰ

ਪੀਣ ਦੇ ਪਾਣੀ ਵਿੱਚ ਸੰਖੀਆ ਲਈ ਕਨੇਡੀਅਨ ਸੇਧਾਂ ਵਿਕਸਤ ਕਰਨ ਦਾ ਕਾਰਨ ਕੈਂਸਰ ਦਾ ਜੋਖਮ ਹੈ। ਦ ਗਾਇਡਲਾਇਨਜ਼ ਫਾਰ ਕਨੇਡੀਅਨ ਡਰਿੰਕਿੰਗ ਵੌਟਰ ਕੁਆਲਿਟੀ (The Guidelines for Canadian Drinking Water Quality) ਬਾਰੇ ਹੋਰ ਜਾਣਕਾਰੀ ਲਈ, www.canada.ca/en/health-canada/services/publications/healthy-living/guidelines-canadian-drinking-water-quality-guideline-technical-document-arsenic.html ਦੇਖੋ।

## ਸੰਖੀਆ ਦੀ ਕਿੰਨੀ ਮਾਤਰਾ ਕਰਕੇ ਸਿਹਤ ਸੰਬੰਧੀ ਪ੍ਰਭਾਵ ਹੋ ਸਕਦੇ ਹਨ?

ਹੈਲਥ ਕੈਨੇਡਾ ਨੇ ਪੀਣ ਦੇ ਪਾਣੀ ਵਿੱਚ ਸੰਖੀਆ ਦੀ ਅਧਿਕਤਮ ਸਵੀਕਾਰ ਮਾਤਰਾ (ਮੈਕਸੀਮਮ ਐਕਸੇਪਟੇਬਲ ਕੰਨਸੇਨਟਰੇਸ਼ਨ (ਐਮ ਏ ਸੀ)) 10 ਮਾਈਕ੍ਰੋਗ੍ਰਾਮ ਪ੍ਰਤੀ ਲੀਟਰ ਤੈਅ ਕੀਤੀ ਹੈ। ਇਸ ਨੂੰ 10 µg/L, ਜਾਂ 0.010 ਮਿਲੀਗ੍ਰਾਮ ਪ੍ਰਤੀ ਲੀਟਰ (mg/L) ਦੀ ਤਰ੍ਹਾਂ ਵੀ ਦਸਿਆ ਜਾ ਸਕਦਾ ਹੈ।

ਇਸ ਸਤਰ ਨੂੰ ਪਾਣੀ ਨੂੰ ਇਸ ਸਤਰ ਤੱਕ ਸੁਰੱਖਿਅਤ ਬਣਾ ਸਕਣ ਦੀ ਸੰਭਾਵਨਾ ਦੇ ਅਧਾਰ ਤੇ ਤੈਅ ਕੀਤਾ ਗਿਆ ਸੀ। ਇਸ ਮਾਤਰਾ ਨੂੰ ਹਲੇ ਵੀ ਬਹੁਤ ਮਾਮੂਲੀ ਮੰਨੇ ਜਾਣ ਵਾਲੇ ਸਤਰ ਨਾਲੋਂ ਸਿਹਤ ਲਈ ਵਧੇਰੇ ਖਤਰੇ ਦੇ ਨਾਲ ਜੋੜਿਆ ਜਾਂਦਾ ਹੈ। ਇਸ ਕਾਰਨ ਕਰਕੇ ਲੋਕਾਂ ਨੂੰ ਆਪਣੇ ਪੀਣ ਦੇ ਪਾਣੀ ਵਿੱਚ ਸੰਖੀਆ ਦੇ ਸਤਰ ਸੇਧਾਂ ਨਾਲੋਂ ਥੋੜੇ ਜਿਹੇ ਘੱਟ ਹੋਣ ਦੀ ਸੂਰਤ ਵਿੱਚ ਵੀ ਉਸ ਨਾਲ ਸਾਵਧਾਨੀ ਵਰਤਣ ਬਾਰੇ ਸੋਚਣਾ ਚਾਹੀਦਾ ਹੈ। ਕੈਨੇਡਾ ਵਿੱਚ ਇਕੱਠਾ ਕੀਤੇ ਗਏ ਅੰਕੜੇ ਦਸਦੇ ਹਨ ਕਿ ਪੀਣ ਦੇ ਪਾਣੀ ਵਿੱਚ ਸੰਖੀਆ ਦੇ ਸਤਰ ਆਮਤੌਰ ਤੇ 0.005 ਮਿਲੀਗ੍ਰਾਮ ਪ੍ਰਤੀ ਲੀਟਰ (mg/L) ਨਾਲੋਂ ਘੱਟ ਹੁੰਦੇ ਹਨ ਪਰ ਕੁਝ ਖੇਤਰਾਂ ਵਿੱਚ ਇਹ ਮਾਤਰਾਵਾਂ ਵੱਧ ਹੋ ਸਕਦੀਆਂ ਹਨ।

## ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੇਰੇ ਪੀਣ ਦੇ ਪਾਣੀ ਵਿੱਚ ਸੰਖੀਆ ਹੈ?

ਪੀਣ ਦੇ ਪਾਣੀ ਦੇ ਜਨਤਕ ਸਿਸਟਮਾਂ ਦੀ ਨਿਯਮਿਤ ਤੌਰ ਤੇ ਜਾਂਚ ਕੀਤੀ ਜਾਂਦੀ ਹੈ। ਪੀਣ ਦੇ ਪਾਣੀ ਵਿੱਚ, ਸੰਖੀਆ ਦੀ ਕੋਈ ਗੰਧ ਜਾਂ ਸਵਾਦ ਨਹੀਂ ਹੁੰਦਾ। ਸੰਖੀਆ ਦੀ ਮੌਜੂਦਗੀ ਦਾ ਪਤਾ ਸਿਰਫ ਇੱਕ ਰਸਾਇਣਿਕ ਜਾਂਚ ਨਾਲ ਹੀ ਲੱਗ ਸਕਦਾ ਹੈ।

ਜ਼ਿਆਦਾਤਰ ਨਿੱਜੀ ਖੂਹਾਂ ਦੇ ਪਾਣੀ ਦੀ ਗੁਣਵੱਤਾ ਜਾਂ ਦੂਸ਼ਿਤ ਕਰਨ ਵਾਲੀਆਂ ਚੀਜ਼ਾਂ ਲਈ ਨਿਯਮਿਤ ਜਾਂਚ ਨਹੀਂ ਕੀਤੀ ਜਾਂਦੀ। ਕਿਸੇ ਵੀ ਖੂਹ ਵਿੱਚ ਸੰਖੀਆ ਜਾਂ ਦੂਸ਼ਿਤ ਕਰਨ ਵਾਲੇ ਦੂਸਰੇ ਪਦਾਰਥ ਹੋ ਸਕਦੇ ਹਨ। ਸੰਖੀਆ ਲਈ ਪਾਣੀ ਦਾ ਪਰੀਖਣ ਕਰਨ ਦੀ ਜ਼ਿੰਮੇਵਾਰੀ ਖੂਹ ਦੇ ਮਾਲਕ ਦੀ ਹੈ। ਪਾਣੀ ਦੀ ਗੁਣਵੱਤਾ ਜਾਂਚਣ ਲਈ ਨਿਯਮਿਤ ਤੌਰ ਤੇ ਆਪਣੇ ਨਿੱਜੀ ਖੂਹਾਂ ਦੀ ਜਾਂਚ ਕਰੋ। ਨਿੱਜੀ ਖੂਹਾਂ ਦੇ ਪਾਣੀ ਦੇ ਪਰੀਖਣ ਬਾਰੇ ਹੋਰ ਜਾਣਕਾਰੀ ਲਈ, HealthLinkBC File #05b ਖੂਹ ਦੇ ਪਾਣੀ ਦੀ ਜਾਂਚ ਦੇਖੋ।

ਬ੍ਰਿਟਿਸ਼ ਕੁਲੰਬੀਆ ਵਿੱਚ ਪਰੀਖਣ ਕੀਤੇ ਜਾਣ ਦੀ ਕਿਰਿਆ ਬਾਰੇ ਹੋਰ ਜਾਣਕਾਰੀ ਲਈ ਆਪਣੇ ਸਥਾਨਕ ਪਬਲਿਕ ਹੈਲਥ ਯੂਨਿਟ ਜਾਂ ਆਪਣੇ ਸਥਾਨਕ ਵਾਤਾਵਰਨ ਸਿਹਤ ਅਫਸਰ ਨਾਲ ਸੰਪਰਕ ਕਰੋ।

## ਜੇ ਮੇਰੇ ਪੀਣ ਦੇ ਪਾਣੀ ਵਿੱਚ ਸੰਖੀਆ ਹੈ ਤਾਂ ਮੈਂ ਕੀ ਕਰ ਸਕਦਾ/ਦੀ ਹਾਂ?

ਸੰਖੀਆ ਵਾਲਾ ਪਾਣੀ ਚਿੰਤਾ ਤਾਂ ਹੀ ਹੈ ਜੇ ਉਸ ਦੀ ਵਰਤੋਂ ਪੀਣ ਲਈ ਜਾਂ ਖਾਣਾ ਬਣਾਉਣ ਲਈ ਕੀਤੀ ਜਾ ਰਹੀ ਹੈ।

ਸਾਹ ਲੈਣ ਅਤੇ ਚਮੜੀ ਦੇ ਨਾਲ ਸੰਪਰਕ ਰਾਹੀਂ ਸੰਪਰਕ ਵਿੱਚ ਆਉਣਾ ਹਾਨੀਕਾਰਕ ਨਹੀਂ ਹੈ। ਮਿਸਾਲ ਦੇ ਤੌਰ ਤੇ, ਸੰਖੀਆ ਵਾਲੇ ਪਾਣੀ ਨਾਲ ਹੱਥ ਧੋਣ, ਨਹਾਉਣ ਜਾਂ ਕਪੜੇ ਧੋਣ ਦੇ ਸਿਹਤ ਸੰਬੰਧੀ ਕੋਈ ਗਿਆਤ ਪ੍ਰਭਾਵ ਨਹੀਂ ਹਨ।

ਜੇ ਪ੍ਰਥਮ ਟੈਸਟ ਸੰਖੀਆ ਦਾ ਪਤਾ ਲਗਾਉਂਦਾ ਹੈ, ਭਾਂਵੇਂ ਸੇਧਾਂ ਤੋਂ ਘੱਟ ਸਤਰਾਂ ਤੇ ਹੀ, ਤਾਂ ਨਤੀਜਿਆਂ ਦੀ ਪੁਸ਼ਟੀ ਕਰਨ ਲਈ ਦੂਸਰਾ ਟੈਸਟ ਕੀਤੇ ਜਾਣਾ ਮਹੱਤਵਪੂਰਨ ਹੈ। ਜੇ ਤੁਹਾਡੇ ਪਾਣੀ ਦੇ ਟੈਸਟਾਂ ਦਾ ਨਤੀਜਾ ਦਿਖਾਉਂਦਾ ਹੈ ਕਿ ਸਿਫਾਰਸ਼ ਕੀਤੇ ਸਤਰ ਤੋਂ ਵੱਧ ਸੰਖੀਆ ਮੌਜੂਦ ਹੈ, ਤਾਂ ਤੁਹਾਨੂੰ ਪੀਣ ਦੇ ਪਾਣੀ ਲਈ ਦੂਸਰਾ ਸ੍ਰੋਤ ਵਰਤਣਾ ਚਾਹੀਦਾ ਹੈ ਜਾਂ ਵਰਤਮਾਨ ਸ੍ਰੋਤ ਦਾ ਉਪਚਾਰ ਕਰਨਾ ਚਾਹੀਦਾ ਹੈ।

ਸੰਖੀਆ ਦੋ ਰੂਪਾਂ ਵਿੱਚ ਮੌਜੂਦ ਹੋ ਸਕਦਾ ਹੈ: ਟ੍ਰਾਈਵੇਲੈਂਟ (trivalent) ਅਤੇ ਪੈਂਟਾਵੇਲੈਂਟ (pentavalent)। ਉਪਚਾਰ ਦੇ ਜ਼ਿਆਦਾਤਰ ਵਿਕਲਪ ਕੇਵਲ ਪੈਂਟਾਵੇਲੈਂਟ ਸੰਖੀਆ ਲਈ ਪ੍ਰਭਾਵਸ਼ਾਲੀ ਹੁੰਦੇ ਹਨ, ਇਸ ਲਈ ਤਹਾਨੂੰ ਪਹਿਲਾਂ ਤੋਂ ਪਾਣੀ ਦਾ ਉਪਚਾਰ ਕਰਨ ਦੀ ਲੋੜ ਹੋ ਸਕਦੀ ਹੈ।

ਰਿਵਰਸ ਔਸਮੋਸਿਸ (reverse osmosis) ਫਿਲਟਰਾਂ, ਡਿਸਟੀਲੇਸ਼ਨ (distillation) ਅਤੇ ਕੁਝ ਖਾਸ ਮੀਡੀਆ ਫਿਲਟਰਾਂ ਸਮੇਤ ਉਪਚਾਰ ਲਈ ਕਈ ਸਾਰੇ ਉਪਚਾਰ ਦੇ ਯੰਤਰ ਅਤੇ ਵਿਕਲਪ ਹਨ। ਪਾਣੀ ਵਿੱਚ ਕਲੋਰੀਨ ਮਿਲਾਉਣਾ ਅਤੇ ਮਕੈਨੀਕਲ ਫਿਲਟਰ ਪਾਣੀ ਤੋਂ ਸੰਖੀਆ ਨੂੰ ਨਹੀਂ ਹਟਾਉਂਦੇ। ਪਾਣੀ ਨੂੰ ਉਬਾਲਣਾ ਸੰਖੀਆ ਦੀ ਮਾਤਰਾ ਨੂੰ ਵਧਾ ਸਕਦਾ ਹੈ।

ਨਿੱਜੀ ਘਰਾਂ ਲਈ ਉਪਚਾਰ ਦੇ ਯੰਤਰਾਂ ਤੇ ਕੋਈ ਕਾਨੂੰਨੀ ਨਿਯੰਤਰਣ ਨਹੀਂ ਹੈ। ਮਾਲਕਾਂ ਨੂੰ ਧਿਆਨ ਰੱਖਣਾ ਚਾਹੀਦਾ ਹੈ ਅਤੇ ਉਪਚਾਰ ਲਈ ਉਚਿਤ ਯੰਤਰ ਚੁਣਨਾ ਚਾਹੀਦਾ ਹੈ। ਉਪਕਰਣ ਸੰਖੀਆ ਹਟਾਉਣ ਵਾਸਤੇ ਪ੍ਰਮਾਣਿਤ ਕੀਤਾ ਗਿਆ ਹੋਣਾ ਚਾਹੀਦਾ ਹੈ। ਸੰਖੀਆ ਲਈ ਪ੍ਰਮਾਣਿਤ ਫਿਲਟਰਾਂ ਅਤੇ ਸਿਸਟਮਾਂ ਦੀ ਸੂਚੀ ਲਈ, www.nsf.org/knowledge-library/faq-water ਦੇਖੋ।

ਅਜਿਹੇ ਯੰਤਰ ਬਾਰੇ ਸੋਚੋ ਜਿਹੜਾ ਸਟੈਨਡਰਡਜ਼ ਕਾਉਂਸਲ ਆਫ ਕੈਨੇਡਾ (ਐਸ ਸੀ ਸੀ) ਦੁਆਰਾ ਪ੍ਰਵਾਨਤ ਸੰਸਥਾ ਦੁਆਰਾ ਪ੍ਰਮਾਣਿਤ ਕੀਤਾ ਗਿਆ ਹੈ। ਉਪਚਾਰ ਲਈ ਯੰਤਰ ਨੂੰ ਹੇਠਾਂ ਦਿੱਤੇ ਮਾਪਦੰਡਾਂ ਤੇ ਪੂਰਾ ਉਤਰਨਾ ਚਾਹੀਦਾ ਹੈ:

- ਪੀਣ ਦੇ ਪਾਣੀ ਦੇ ਡਿਸਟੀਲੇਸ਼ਨ ਅਤੇ ਅਡਸੋਰਪਸ਼ਨ ਸਿਸਟਮਾਂ ਤੇ ਐਨ ਐਸ ਐਫ/ਏ ਐਨ ਐਸ ਆਈ ਸਟੈਨਡਰਡ 62 (NSF/ANSI Standard 62)
- ਪੀਣ ਦੇ ਪਾਣੀ ਦੇ ਰਿਵਰਸ ਔਸਮੋਸਿਸ (reverse osmosis) ਟ੍ਰੀਟਮੈਂਟ ਸਿਸਟਮਾਂ ਤੇ ਸਟੈਨਡਰਡ 58
- ਪੀਣ ਦੇ ਪਾਣੀ ਦੇ ਟ੍ਰੀਟਮੈਂਟ ਯੂਨਿਟਾਂ ਤੇ ਸਟੈਨਡਰਡਜ਼ 53 – ਪਾਣੀ ਦੇ ਗੁਣਵੱਤਾ ਸੰਬੰਧੀ ਉਨ੍ਹਾਂ ਮਾਪਦੰਡਾਂ (arsenic) ਜਿੰਨਾਂ ਨੂੰ ਤੁਸੀਂ ਹਟਾਉਣ ਦੀ ਕੋਸ਼ਿਸ਼ ਕਰ ਰਹੇ ਹੋ (ਸੰਖੀਆ) ਲਈ ਖਾਸ ਵਿਸ਼ੇਸ਼ਣ ਦੇ ਨਾਲ

ਪ੍ਰਮਾਣਿਤ ਕੀਤੇ ਜਾਣਾ ਭਰੋਸਾ ਦਿਵਾਉਂਦਾ ਹੈ ਕਿ ਯੰਤਰ ਉਸ ਤਰੀਕੇ ਦੇ ਨਾਲ ਕੰਮ ਕਰਦਾ ਹੈ ਜਿਸ ਤਰ੍ਹਾਂ ਉਸ ਨੂੰ ਬਣਾਉਣ ਵਾਲਾ ਜਾਂ ਉਸਦਾ ਵਿਤਰਕ ਦਾਅਵਾ ਕਰਦੇ ਹਨ। ਪ੍ਰਵਾਨਤ ਸੰਸਥਾਵਾਂ ਦੀ ਤਾਜ਼ਾ ਸੂਚੀ ਲੱਭਣ ਲਈ, www.scc.ca/en/accreditation/product-process-and-service-certification/directory-of-accredited-clients ਤੇ ਸਟੈਨਡਰਡਜ਼ ਕਾਉਂਸਲ ਆਫ ਕੈਨੇਡਾ (Standards Council of Canada) ਦੀ ਵੈੱਬਸਾਇਟ ਦੇਖੋ।

ਪੀਣ ਦੇ ਪਾਣੀ ਅਤੇ ਉਪਚਾਰ ਦੇ ਵਿਕਲਪਾਂ ਬਾਰੇ ਹੋਰ ਜਾਣਕਾਰੀ ਲਈ, ਆਪਣੇ ਸਥਾਨਕ ਵਾਤਾਵਰਨ ਸਿਹਤ ਅਫਸਰ ਨਾਲ ਸੰਪਰਕ ਕਰੋ।

## ਹੋਰ ਜਾਣਕਾਰੀ ਲਈ

ਸੰਖੀਆ ਅਤੇ ਪੀਣ ਦੇ ਪਾਣੀ ਬਾਰੇ ਹੋਰ ਜਾਣਕਾਰੀ ਲਈ, ਦੇਖੋ:
ਬੀ.ਸੀ. ਮਨਿਸਟਰੀ ਆਫ ਏਨਵਾਏਰੰਨਮੈਂਟ – ਆਰਸੇਨਿਕ ਇੰਨ ਗਰਾਉਂਡਵੌਟਰ
www2.gov.bc.ca/assets/gov/environment/air-land-water/water/water-wells/as020715_fin3.pdf (PDF 1002KB) ਦੇਖੋ।

ਹੈਲਥ ਕੈਨੇਡਾ – ਆਰਸੇਨਿਕ ਇੰਨ ਡ੍ਰਿੰਕਿੰਗ ਵੌਟਰ
www.canada.ca/en/health-canada/services/healthy-living/your-health/environment/arsenic-drinking-water.html ਦੇਖੋ।